OFFICE OF THE
ADDL. DEPUTY COMMISSIONER

2023147170
2023147174
3/11/2023

ਦਫ਼ਤਰ ਜ਼ਿਲ੍ਹਾ ਚੋਣ ਅਫ਼ਸਰ, ਬਠਿੰਡਾ
OFFICE OF DISTRICT ELECTION OFFICER, BATHINDA
(Room No. 303, 2nd Floor Mini Secretariat)
Phone No. 0164-2211022 E-mail :-etbtd@punjab.gov.in

PUNJAB VOTES

ਵੱਲ

ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ,
ਜਿਲ੍ਹਾ ਬਠਿੰਡਾ।

ਪੱਤਰ ਨੰ. ਚੋਣ-2023/1945-50
ਮਿਤੀ 02 ਨਵੰਬਰ, 2023

ਵਿਸ਼ਾ:- Sveep activities with regards to SSR-2024- regarding.

ਹਵਾਲਾ:- ਮੁੱਖ ਚੋਣ ਅਫ਼ਸਰ, ਪੰਜਾਬ, ਚੰਡੀਗੜ੍ਹ ਜੀ ਦੇ ਅਰਧ ਸਰਕਾਰੀ ਪੱਤਰ ਨੰ: 5998 ਮਿਤੀ 01.11.2023 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਮੁੱਖ ਚੋਣ ਅਫ਼ਸਰ,ਪੰਜਾਬ, ਚੰਡੀਗੜ੍ਹ ਜੀ ਪਾਸੋਂ ਪ੍ਰਾਪਤ ਹੋਏ ਅਰਧ ਸਰਕਾਰੀ ਪੱਤਰ ਨੰ. 5998 ਮਿਤੀ 01-11-2023 ਦੀ ਕਾਪੀ ਆਪ ਪਾਸ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ। ਇਸ ਜ਼ਿਲ੍ਹੇ ਵਿੱਚ 18-19 ਸਾਲ ਦੇ ਵੋਟਰਾਂ ਦੀ ਰਜਿਸਟਰੇਸ਼ਨ ਬਹੁਤ ਘੱਟ ਹੈ।ਇਸ ਗੈਪ ਨੂੰ ਪੂਰਾ ਕਰਨ ਲਈ ਅਰਧ ਸਰਕਾਰੀ ਪੱਤਰ ਵਿੱਚ ਦਰਜ ਹਦਾਇਤਾਂ ਅਨੁਸਾਰ ਕਾਰਵਾਈ ਯਕੀਨੀ ਬਣਾਈ ਜਾਵੇ:-

1. ਸੀਨੀਅਰ ਸੈਕੰਡਰੀ ਸਕੂਲਾ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ 100% ਰਜਿਸਟਰੇਸ਼ਨ ਯਕੀਨੀ ਬਣਾਈ ਜਾਵੇ। ਇਸ ਸਬੰਧੀ ਸਕੂਲ ਮੁੱਖੀਆ ਪਾਸੋਂ ਸਰਟੀਫਿਕੇਟ ਪ੍ਰਾਪਤ ਕੀਤੇ ਜਾਣ ਕਿ ਉਹਨਾ ਦੀ ਸੰਸਥਾ ਵਿੱਚ ਕੋਈ ਵੀ ਯੋਗ ਵਿਦਿਆਰਥੀ ਵੋਟ ਬਣਾਉਣ ਤੋਂ ਵਾਂਝਾ ਨਹੀਂ ਰਿਹਾ ਹੈ।

2. ਸਰਕਾਰੀ/ਪ੍ਰਾਈਵੇਟ ਕਾਲਜਾ, ਟੈਕਨੀਕਲ ਸੰਸਥਾਵਾਂ,ਨਰਸਿੰਗ ਕਾਲਜ, IELTS ਸੈਂਟਰਾਂ ਅਤੇ ਹੋਰ ਵਿਦਿਅਕ ਸੰਸਥਾਵਾਂ ਵਿੱਚ Dedicated AEROs ਰਾਹੀਂ ਕੈਂਪ ਲਗਵਾ ਕੇ 100% ਰਜਿਸਟਰੇਸ਼ਨ ਯਕੀਨੀ ਬਣਾਈ ਜਾਵੇ ਅਤੇ ਪ੍ਰੋਗਰੈਸ ਰਿਪੋਰਟ ਹਰੇਕ ਹਫ਼ਤੇ ਵੀਰਵਾਰ ਨੂੰ ਇਸ ਦਫ਼ਤਰ ਪਾਸ ਭੇਜੀ ਜਾਵੇ। Third Gender, PWDs ਅਤੇ Overseas Voters ਵੋਟਰਾਂ ਦੀ ਰਜਿਸਟਰੇਸ਼ਨ ਲਈ ਸਪੈਸ਼ਲ ਕੈਂਪ ਲਗਵਾਏ ਜਾਣ।

3. ਸਵੀਪ ਗਤੀਵਿਧੀਆ ਅਧੀਨ ਨੌਜਵਾਨ ਵੋਟਰਾਂ ਦੀ ਰਜਿਸਟਰੇਸ਼ਨ ਲਈ ਸੋਸ਼ਲ ਮੀਡੀਆ ਰਾਹੀਂ ਪ੍ਰਚਾਰ ਕੀਤਾ ਜਾਵੇ ਅਤੇ ਨੁੱਕੜ ਨਾਟਕ ਕਰਵਾਏ ਜਾਣ।

4. ਇਸ ਦਫ਼ਤਰ ਵੱਲੋਂ ਭੇਜੇ ਗਏ ਪੋਸਟਰ, ਬੈਨਰ ਅਤੇ ਸਟੈਂਡੀਜ਼ ਨੂੰ ਮਹੱਤਵਪੂਰਨ ਥਾਵਾਂ ਤੇ ਭੀੜ ਵਾਲੇ ਇਲਾਕਿਆਂ ਵਿੱਚ ਲਗਵਾਇਆ ਜਾਵੇ।

5. ਮਿਤੀ 4,5 ਨਵੰਬਰ, 2023 ਅਤੇ 2,3 ਦਸੰਬਰ,2023 ਨੂੰ ਪੋਲਿੰਗ ਬੂਥਾਂ ਤੇ ਲਗਾਏ ਜਾਣ ਵਾਲੇ ਸਪੈਸ਼ਲ ਕੈਂਪਾ ਸਬੰਧੀ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ।
ਉਕਤ ਅਨੁਸਾਰ ਕੀਤੀ ਗਈ ਕਾਰਵਾਈ ਦੀ ਰਿਪੋਰਟ ਸਮੇਤ ਫੋਟੋਜ਼ ਮਿਤੀ 11 ਦਸੰਬਰ, 2023 ਤੱਕ ਇਸ ਦਫ਼ਤਰ ਪਾਸ ਭੇਜਣੀ ਯਕੀਨੀ ਬਣਾਈ ਜਾਵੇ।

Sd/-
ਵਧੀਕ ਜ਼ਿਲ੍ਹਾ ਚੋਣ ਅਫ਼ਸਰ
ਬਠਿੰਡਾ।

ਪਿੱਠ ਅੰਕਣ ਨੰ. ਚੋਣ-2023/1951-52 ਮਿਤੀ 02 ਨਵੰਬਰ, 2023

ਉਪਰੋਕਤ ਦਾ ਇੱਕ ਉਤਾਰਾ:-

1. ਜਿਲ੍ਹਾ ਸਿੱਖਿਆ (ਸੈਕੰਡਰੀ) ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਅਰਧ ਸਰਕਾਰੀ ਪੱਤਰ ਦੇ ਨੁਕਤਾ ਨੰ. 2 ਅਨੁਸਾਰ ਕਾਰਵਾਈ ਕੀਤੀ ਜਾਵੇ ਅਤੇ ਸਕੂਲ ਮੁੱਖੀਆ ਪਾਸੋਂ ਇਹ ਸਰਟੀਫਿਕੇਟ ਪ੍ਰਾਪਤ ਕਰਕੇ ਮਿਤੀ 09-12-2023 ਤੋਂ ਪਹਿਲਾ-ਪਹਿਲਾ ਇਸ ਦਫ਼ਤਰ ਪਾਸ ਭੇਜਿਆ ਜਾਵੇ ਕਿ ਉਹਨਾ ਦੀ ਸੰਸਥਾ ਵਿੱਚ ਕੋਈ ਵੀ ਯੋਗ ਵਿਦਿਆਰਥੀ ਵੋਟ ਬਣਾਉਣ ਤੋਂ ਵਾਂਝਾ ਨਹੀਂ ਰਿਹਾ ਹੈ।
2. ਸਹਾਇਕ ਨੋਡਲ ਅਫ਼ਸਰ ਸਵੀਪ,ਬਠਿੰਡਾ ਪਾਸ ਵੱਧ ਤੋ ਵੱਧ ਸਵੀਪ ਗਤੀਵਿਧੀਆ ਕਰਨ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ
ਬਠਿੰਡਾ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ।
ਪੱਤਰ ਨੰ. ਸੀ-4/1(1)2023/5025 ਮਿਤੀ: 3/11/23

ਉਕਤ ਦਾ ਉਤਾਰਾ ਸਮੂਹ [illegible] ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

Sd/-
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)